ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਮਾਨਸਾ

ਸੇਵਾ ਵਿਖੇ

ਪ੍ਰਿੰਸੀਪਲ
ਸਸਸ (ਕ) ਬੋਹਾ

ਪੱਤਰ ਨੰ: ਲੇਖਾ-2/5(1145/2016)/2017-18/ਕੋਰਟ ਕੇਸ/ 2234
ਮਿਤੀ:ਮਾਨਸਾ: 5.4-18

ਵਿਸ਼ਾ:- ਸਿਵਲ ਰਿੱਟ ਪਟੀਸ਼ਨ ਨੰ: 1145/2016 ਭੋਲਾ ਸਿੰਘ ਰਿਟਾ: ਪੰਜਾਬੀ ਮਾਸਟਰ ਸਹਸ (ਕ) ਬੋਹਾ, ਮਾਨਸਾ ਬਨਾਮ ਪੰਜਾਬ ਸਰਕਾਰ।

ਹਵਾਲਾ:- ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਜੀ ਦੇ ਮੀਮੋ ਨੰ: 21/10-2016 ਬਜਟ(3) 857 ਮਿਤੀ: 05/03/18 ਦੇ ਸਬੰਧ ਵਿੱਚ।

ਵਿਸ਼ਾ ਅੰਕਿਤ ਕੇਸ ਦੇ ਸਬੰਧੀ ਆਪਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਨਯੋਗ ਹਾਈਕੋਰਟ ਦੇ ਫੈਸਲੇ ਅਨੁਸਾਰ ਵਿਆਜ਼ ਦੀ ਰਕਮ ਦੀ ਅਦਾਇਗੀ ਹਾਲ ਦੀ ਘੜੀ ਕਿਸੇ ਫੰਡ ਵਿੱਚੋਂ ਉਧਾਰ ਲੈਕੇ ਕਰ ਦਿੱਤੀ ਜਾਵੇ ਅਤੇ ਰਸੀਦ ਇਸ ਦਫ਼ਤਰ ਨੂੰ ਭੇਜੀ ਜਾਵੇ। ਸਪੀਕਿੰਗ ਆਰਡਰ ਇਸ ਦਫ਼ਤਰ ਦੇ ਐਲ.ਏ. ਦੇ ਸਹਿਯੋਗ ਨਾਲ ਤਿਆਰ ਕੀਤੇ ਜਾਣ।

03/04/18
ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ)
ਮਾਨਸਾ

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ।

ਵੱਲ,

ਪ੍ਰਿੰਸੀਪਲ
ਸਰਕਾਰੀ ਸੈਕੰਡਰੀ ਸਕੂਲ
ਮਾਨਸਾ (ਮੁੰਡੇ) ਮਾਨਸਾ ।

ਪੱਤਰ ਨੰ:ਅ-1/( )ਕੋਰਟ ਕੇਸ/ਅ-2/2018/ 2192
ਮਿਤੀ ਮਾਨਸਾ- 3/4/18

ਵਿਸਾ- ਸਿਵਲ ਸੂਟ ਨੰ:66/2018 ਸੁਸਮਾ ਰਾਣੀ ਵਗੈਰਾ ਬਨਾਮ ਪੰਜਾਬ ਸਰਕਾਰ ਦਾ ਜਵਾਬ ਦਾਵਾ ਵੈਟ ਕਰਾਉਣ ਸਬੰਧੀ ।

ਹਵਾਲਾ- ਇਸ ਦਫਤਰ ਦੇ ਪੱਤਰ ਨੰ:ਅ-1/( )ਕੋਰਟ ਕੇਸ/ਅ-2/2018/1399-1401 ਮਿਤੀ 27/02/2018 ਅਤੇ ਮਿਤੀ 12-03-2018 ਅਤੇ ਮਿਤੀ 28-03-2018 ਦੇ ਸਬੰਧ ਵਿੱਚ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਦਾ ਹੈ ਕਿ ਵਿਸਾ ਅੰਕਿਤ ਸਿਵਲ ਸੂਟ ਦਾ ਜਵਾਬ ਦਾਵਾ ਤੱਥਾ ਅਤੇ ਰਿਕਾਰਡ ਦੇ ਅਧਾਰ ਤੇ ਤਿਆਰ ਕਰਕੇ ਜਿਲ੍ਹਾਂ ਅਟਾਰਨੀ ਮਾਨਸਾ ਤੋ ਵੈਟ ਕਰਵਾਈਆ ਜਾਵੇ। ਇਸ ਕੇਸ ਦੀ ਅਗਲੀ ਪੇਸੀ ਦੀ ਮਿਤੀ 11-04-2018 ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮਾਨਸਾ।

ਪਿੰ:ਅੰ:ਨੰ: ਉਕਤ ਮਿਤੀ ਮਾਨਸਾ

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿੱ:) ਅਜੀਤਗੜ

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮਾਨਸਾ।

## ਦਫਤਰ ਮੰਡਲ ਸਿੱਖਿਆ ਅਫਸਰ,ਫ਼ਰੀਦਕੋਟ ਮੰਡਲ, ਫਰੀਦਕੋਟ

ਫੋਨ/ਫੈਕਸ ਨੰ:01639-251503, **ceo.faridkot@punjabeducation.gov.in**

ਹੁਕਮ ਨੰ: ਅ-1/ਪੇ-ਵੈਰੀਫਿਕੇਸ਼ਨ-ਪੀ.ਈ.ਐਸ-2018/ ਮਿਤੀ, ਫ਼ਰੀਦਕੋਟ: 13-02-2018

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ, ਪੰਜਾਬ ਚੰਡੀਗੜ੍ਹ ਜੀ ਦੇ ਹੁਕਮ/ ਪਿੱਠ ਅੰਕਣ ਨੰ:1/40/2017-2ਸਿ4/1114756/1-12 ਮਿਤੀ, ਚੰਡੀਗੜ 28-11-2017 ਰਾਹੀਂ **ਸ਼੍ਰੀਮਤੀ ਪ੍ਰਭਜੀਤ ਕੌਰ, ਲੈਕਚਰਾਰ ਬਾਇਓਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰ) ਸਰਦੂਲਗੜ੍ਹ (ਮਾਨਸਾ)** ਦੀ ਪਦ ਉਨਤੀ ਬਤੌਰ ਪ੍ਰਿੰਸੀਪਲ ਪੀ.ਈ.ਐਸ (ਸਕੂਲ ਅਤੇ ਇੰਨਸਪੈਕਸ਼ਨ ਕਾਡਰ) ਗਰੁੱਪ-ਏ ਵਿੱਚ ਤਨਖਾਹ ਸਕੇਲ 15600-39100 ਗਰੇਡ ਪੇ 6600 ਵਿੱਚ ਹੋਈ ਹੈ ਅਤੇ ਬਤੌਰ ਪ੍ਰਿੰਸੀਪਲ **ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰ) ਸਰਦੂਲਗੜ੍ਹ (ਮਾਨਸਾ)**ਵਿਖੇ ਤੈਨਾਤ ਕੀਤਾ ਗਿਆ ਹੈ।ਅਧਿਕਾਰੀ ਨੇ ਮਿਤੀ 26-12-2017 ਨੂੰ ਦੁਪਹਿਰ ਤੋਂ ਪਹਿਲਾਂ ਆਪਣੇ ਵਰਤਮਾਨ ਅਹੁੱਦੇ ਤੇ ਹਾਜਰੀ ਦੇ ਦਿੱਤੀ ਹੈ।ਇਸ ਦੇ ਆਧਾਰ ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ ਵੱਲੋਂ ਮਿਤੀ 01-01-2006 ਤੋਂ ਲਾਗੂ ਸੋਧੇ ਤਨਖਾਹ ਸਕੇਲ ਵਿੱਚ ਤਨਖਾਹ ਨਿਸ਼ਚਿਤ ਕਰਕੇ ਤਜਵੀਜ ਕੀਤੀ ਤਨਖਾਹ ਨੂੰ ਹੇਠ ਲਿਖੇ ਅਨੁਸਾਰ ਵੈਰੀਫਾਈ ਕੀਤਾ ਜਾਂਦਾ ਹੈ।ਅਧਿਕਾਰੀ ਵੱਲੋਂ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ ਸ਼ਾਖਾ-1 ਦੇ ਨੋਟੀਫਿਕੇਸ਼ਨ ਮਿਤੀ 27-05-2009 ਅਤੇ 29-07-2009 ਦੇ ਨਿਯਮ 11 ਉਪ ਨਿਯਮ (i)/(ii) ਅਨੁਸਾਰ ਤਨਖਾਹ ਫਿਕਸ ਕਰਾਉਣ ਲਈ ਹਾਜ਼ਰ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਉਚੇਰੇ ਜੁੰਮੇਵਾਰੀ ਦੀ ਤਰੱਕੀ ਸਲਾਨਾ ਤਰੱਕੀ ਦੀ ਮਿਤੀ/~~ਪਦਉੱਨਤੀ ਦੀ ਮਿਤੀ~~ ਤੋਂ ਲੈਣ ਲਈ ਆਪਸ਼ਨ ਦੇ ਦਿੱਤੀ ਹੈ।ਇਸ ਕਰਕੇ ਅਧਿਕਾਰੀ ਦੀ ਤਨਖਾਹ ਨਿਯਮ ਅਨੁਸਾਰ ਮਿਤੀ **26-12-2017** ਤੋਂ ਫਿਕਸ ਕੀਤੀ ਗਈ ਹੈ।

| ਮਿਤੀ | ਗਰੇਡ ਜੋ ਪਹਿਲਾਂ ਲੈ ਰਿਹਾ ਸੀ | ਹੁਣ ਜਿਸ ਗਰੇਡ ਵਿੱਚ ਤਰੱਕੀ ਹੋਈ ਹੈ। | ਪੇ ਇਨ ਪੇ ਬੈਂਡ | ਗਰੇਡ ਪੇ | ਕੁੱਲ | ਵਿਸ਼ੇਸ ਕਥਨ |
|---|---|---|---|---|---|---|
| 01-03-2017 | 10300-34800 +5400 ਗਰੇਡ ਪੇ | -- | 26920 | 5400 | 32320 IR-1616 | ਬਤੌਰ ਲੈਕਚਰਾਰ ਤਨਖਾਹ |
| 26-12-2017 | ------- | 15600-39100+ 6600 | 26920 | 6600 | 33520 IR-1676 | ਬਤੌਰ ਪ੍ਰਿੰਸੀਪਲ ਤਰੱਕੀ ਹੋਣ ਤੇ ਗ੍ਰੇਡ ਪੇ ਵਿੱਚ ਵਾਧਾ। |

ਅਧਿਕਾਰੀ ਦੀ ਅਗਲੀ ਸਾਲਾਨਾ ਤਰੱਕੀ ਮਿਤੀ 01-03-2018 ਨੂੰ ਲੱਗੇਗੀ ਅਤੇ ਉਚੇਰੀ ਜੁੰਮੇਵਾਰੀ ਦੀ ਤਰੱਕੀ ਗ੍ਰੇਡ ਪੇ 5400 ਰੁਪੈ ਅਧਾਰ ਮੰਨ ਕੇ ਮਿਤੀ 01-03-2018 ਨੂੰ ਸਲਾਨਾ ਤਰੱਕੀ ਦੇ ਨਾਲ **ਲੱਗੇਗੀ**

ਖੁਸ਼ਬੀਰ ਸਿੰਘ
ਮੰਡਲ ਸਿੱਖਿਆ ਅਫਸਰ
ਫਰੀਦਕੋਟ ਮੰਡਲ,ਫਰੀਦਕੋਟ।

ਪਿੱਠ ਅੰਕਣ ਨੰ: ਸਮ 145 ਮਿਤੀ, ਫਰੀਦਕੋਟ: 15-02-2018

ਉਕਤ ਦਾ ਉਤਾਰਾ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਮਾਨਸਾ ਨੂੰ ਸਮੇਤ ਅਧਿਕਾਰੀ ਦੀ ਸੇਵਾ ਪੱਤਰੀ ਭੇਜਿਆ ਜਾਂਦਾ ਹੈ।

ਸੁਪਰਡੈਂਟ,
ਦ:ਮੰਡਲ ਸਿੱਖਿਆ ਅਫਸਰ,
ਫ਼ਰੀਦਕੋਟ ਮੰਡਲ, ਫਰੀਦਕੋਟ।

ਹੁਕਮ

ਸ੍ਰੀਮਤੀ ਰੂਬੀ ਗੁਪਤਾ, ਮੁੱਖ ਅਧਿਆਪਕ, ਸਹਸ ਅਕਲੀਆਂ ਕਲਾਂ ਬਠਿੰਡਾ, ਪੰਜਾਬ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ ਦੀ ਧਾਰਾ 8 ਅਧੀਨ ਚਾਰਜਸ਼ੀਟ ਸਰਕਾਰ ਦੇ ਪੱਤਰ ਨੰ: 2/25/2013-2ਸਿ3/282019/1-2 ਮਿਤੀ 5-08-2014 ਰਾਹੀਂ ਜਾਰੀ ਕੀਤੀ ਗਈ ਸੀ, ਜਿਸ ਵਿਚ ਉਸ ਦੇ ਵਿਰੁੱਧ ਹੇਠ ਲਿਖੇ ਅਨੁਸਾਰ ਦੋਸ਼ ਲਗਾਇਆ ਗਿਆ ਸੀ:-

"ਕਿ ਸ੍ਰੀ ਪ੍ਰੀਤਮ ਸਿੰਘ ਕਲਰਕ ਸਹਸ ਅਕਲੀਆਂ ਕਲਾਂ(ਬਠਿੰਡਾ) ਨੂੰ ਅਦਾਲਤ ਵੱਲੋਂ ਕਰੀਮੀਨਲ ਕੇਸ ਵਿੱਚ ਸਜ਼ਾ ਹੋਣ ਦੇ ਬਾਵਜੂਦ ਵੀ ਬਰਖਾਸਤ ਕਰਨ ਸਬੰਧੀ ਵਿਭਾਗ ਨੂੰ ਸੂਚਿਤ ਨਹੀਂ ਕੀਤਾ ਗਿਆ ਜਿਸ ਕਾਰਨ ਕਰਮਚਾਰੀ ਮੁਅੱਤਲੀ ਅਧੀਨ ਹੀ ਮਿਤੀ 30-9-2001 ਰਿਟਾਇਰ ਹੋ ਗਿਆ ।ਰਿਟਾਇਰਮੈਂਟ ਤੋਂ ਬਾਅਦ ਕਰਮਚਾਰੀ ਨੂੰ 75% ਪ੍ਰੋਵਜੀਜਨਲ ਪੈਨਸ਼ਨ ਦਿੱਤੀ ਗਈ ਹੈ ਜੋ ਕਿ ਰੂਲਾਂ/ਹਦਾਇਤਾਂ ਅਨੁਸਾਰ ਨਹੀਂ ਦੇਣੀ ਬਣਦੀ ਸੀ। ਇਸ ਕਾਰਨ ਵਿਭਾਗ ਨੂੰ ਵਿੱਤੀ ਨੁਕਸਾਨ ਉਠਾਣਾ ਪਿਆ। ਇਸ ਤਰ੍ਹਾਂ ਕਰਕੇ ਆਪ ਨੇ ਵਿਭਾਗ ਨੂੰ ਸਮੇਂ ਸਿਰ ਸੂਚਿਤ ਨਾ ਕਰਕੇ ਆਪਣੇ ਆਪ ਨੂੰ ਸਜ਼ਾ ਦਾ ਭਾਗੀ ਬਣਾਇਆ ਹੈ

2. ਇਹ ਕਿ ਸ੍ਰੀਮਤੀ ਰੂਬੀ ਗੁਪਤਾ, ਮੁੱਖ ਅਧਿਆਪਕ, ਸਹਸ ਅਕਲੀਆਂ ਕਲਾਂ ਬਠਿੰਡਾ ਪੰਜਾਬ ਦਾ ਚਾਰਜਸ਼ੀਟ ਦਾ ਜਵਾਬ ਤਸੱਲੀਬਖਸ਼ ਨਾਂ ਹੋਣ ਕਾਰਨ ਸ੍ਰੀ ਬੀ.ਆਰ.ਬਾਂਸਲ,ਅਡੀਸ਼ਨਲ ਡਿਸਟ੍ਰਿਕਟ ਐਂਡ ਸੈਸ਼ਨ ਜੱਜ ( ਰਿਟਾ)ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਸ੍ਰੀਮਤੀ ਰੂਬੀ ਗੁਪਤਾ, ਮੁੱਖ ਅਧਿਆਪਕ ਵਿਰੁੱਧ ਦੋਸ਼ ਸਿੱਧ ਨਹੀ ਕੀਤੇ ਗਏ।

3. ਇਹ ਕਿ ਸ੍ਰੀਮਤੀ ਰੂਬੀ ਗੁਪਤਾ, ਮੁੱਖ ਅਧਿਆਪਕ, ਸਹਸ ਅਕਲੀਆਂ ਕਲਾਂ ਬਠਿੰਡਾ ਪੰਜਾਬ ਨੂੰ ਜਾਰੀ ਚਾਰਜਸ਼ੀਟ ਦਾ ਫੈਸਲਾ ਕਰਨ ਲਈ ਮਿਤੀ 20-03-2017 ਨੂੰ ਪੂਰਵਲੇ ਮਾਨਯੋਗ ਵਧੀਕ ਮੁੱਖ ਸਕੱਤਰ ਸਿੱਖਿਆ ਜੀ ਨੇ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਪੂਰਵਲੇ ਵਧੀਕ ਮੁੱਖ ਸਕੱਤਰ ਜੀ ਵੱਲੋਂ ਸੁਣਿਆ ਗਿਆ। ਇਸ ਕੇਸ ਦਾ ਫੈਸਲਾ ਕਰਨ ਹਿੱਤ ਮਿਸਲ ਮੁੜ ਸਮਰੱਥ ਅਥਾਰਟੀ ਨੂੰ ਭੇਜੀ ਗਈ । ਕੇਸ ਨੂੰ ਵਿਚਾਰਨ ਉਪਰੰਤ ਸਕੱਤਰ ਸਿੱਖਿਆ ਜੀ ਵੱਲੋਂ ਹੁਕਮ ਕੀਤੇ ਗਏ ਕਿ ਵਿਭਾਗ ਨੂੰ ਸ੍ਰੀ ਪ੍ਰੀਤਮ ਸਿੰਘ ਦੇ ਸਜਾ ਹੋਣ ਦੀ ਕੋਈ ਸੂਚਨਾ ਨਹੀਂ ਸੀ। ਸ੍ਰੀ ਪ੍ਰੀਤਮ ਸਿੰਘ ਨੂੰ ਵਿਭਾਗ ਨੂੰ ਸੂਚਿਤ ਕਰਨਾ ਬਣਦਾ ਸੀ ਪਰੰਤੂ ਉਸ ਵੱਲੋਂ ਅਜਿਹਾ ਨਹੀਂ ਕੀਤਾ ਗਿਆ। ਇਸ ਲਈ ਸ੍ਰੀਮਤੀ ਰੂਬੀ ਗੁਪਤਾ, ਮੁੱਖ ਅਧਿਆਪਕ, ਸਹਸ ਅਕਲੀਆਂ ਕਲਾਂ ਬਠਿੰਡਾ ਪੰਜਾਬ ਦੋਸ਼ੀ ਨਹੀਂ ਹੈ। ਇਸ ਲਈ ਸ੍ਰੀਮਤੀ ਰੂਬੀ ਗੁਪਤਾ, ਮੁੱਖ ਅਧਿਆਪਕ, ਸਹਸ ਅਕਲੀਆਂ ਕਲਾਂ ਬਠਿੰਡਾ ਪੰਜਾਬ ਨੂੰ ਪੱਤਰ ਨੰਬਰ 2/25/2013-2ਸਿ3/282019/1-2 ਮਿਤੀ 5-08-2014 ਰਾਹੀਂ ਜਾਰੀ ਚਾਰਜਸ਼ੀਟ ਦਾਖਲ ਦਫਤਰ ਕੀਤੀ ਜਾਂਦੀ ਹੈ ਅਤੇ ਭਵਿੱਖ ਵਿੱਚ ਸੁਚੇਤ ਰਹਿਣ ਦੀ ਹਦਾਇਤ ਕੀਤੀ ਜਾਂਦੀ ਹੈ।

ਕ੍ਰਿਸ਼ਨ ਕੁਮਾਰ, ਆਈ. ਏ. ਐਸ.,
ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ (ਸਕੂਲਜ)।

ਮਿਤੀ, ਚੰਡੀਗੜ੍ਹ
21/2/2018

ਪਿੱ:ਅੰ: ਨੰ: 2/25/2013-2ਸਿ3/ ਮਿਤੀ, ਚੰਡੀਗੜ੍ਹ:

ਇਸ ਦਾ ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ ( ਸੈ:ਸਿ),ਪੰਜਾਬ ਮੁਹਾਲੀ।
2. ਸ੍ਰੀਮਤੀ ਰੂਬੀ ਗੁਪਤਾ, ਮੁੱਖ ਅਧਿਆਪਕ, ਸਹਸ ਅਕਲੀਆਂ ਕਲਾਂ ਬਠਿੰਡਾ ਮੌਜੂਦਾ ਪੋਸਟਿੰਗ ਪ੍ਰਿੰਸੀਪਲ ਸਸਸਸ ਕੁਸਲਾ (ਮਾਨਸਾ)।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿ.ਅੰ.ਨੰ. 2/25/13-2ਸਿ3. ਮਿਤੀ, ਚੰਡੀਗੜ੍ਹ:

ਉਤਾਰਾ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)ਮਾਨਸਾ, ਪੰਜਾਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਕਰਮਚਾਰੀ ਨੂੰ ਇਹ ਪੱਤਰ ਪਹੁੰਚਾਉਣ ਉਪਰੰਤ ਪਹੁੰਚ ਰਸੀਦ ਸਰਕਾਰ ਨੂੰ ਭੇਜੀ ਜਾਵੇ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਮਾਨਸਾ

ਪਿੱਠ ਅੰਕਣ ਨੰ: ਅ-4/1( 1910 )2018 ਮਿਤੀ ਮਾਨਸਾ: 26-3-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਸਿੱਖਿਆ ਸਕੱਤਰ ,ਪੰਜਾਬ ਸਰਕਾਰ (ਸਿੱਖਿਆ-3 ਸ਼ਾਖਾ) ਜੀ ਨੂੰ
2. ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ ਅਜੀਤਗੜ੍ਹ
3. ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਬਠਿੰਡਾਂ
4. ਪ੍ਰਿੰਸੀਪਲ ਸਸਸ ਕੁਸਲਾ
5. ਸ਼੍ਰੀਮਤੀ ਰੂਬੀ ਗੁਪਤਾ ਮੁੱਖ ਅਧਿਆਪਕ ਸਹਸ ਅਕਲੀਆ (ਬਠਿੰਡਾਂ) ਹੁਣ ਪ੍ਰਿੰਸੀਪਲ ਸਸਸ ਕੁਸਲਾ
6. ਇਸ ਦਫਤਰ ਦੀ ਅ-3 ਸੀਟ ਤੇ

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਮਾਨਸਾ